1

# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,

**ਰਾਸ਼ਟਰੀ ਮਾਧਮਿਕ ਸ਼ਿੱਖਿਆ ਅਭਿਆਨ ਅਥਾਰਟੀ, ਪੰਜਾਬ।**

ਸਿੱਖਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ,ਬਲਾਕ-ਈ, ਪੰਜਵੀਂ ਮੰਜਿਲ,ਫੇਜ਼ 8, ਅਜੀਤਗੜ੍ਹ (ਮੋਹਾਲੀ)

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
   ਪੰਜਾਬ।

2. ਸਮੂਹ ਸਕੂਲ ਪ੍ਰਿੰਸੀਪਲ (NSQF ਸੰਬੰਧਤ)
   ਪੰਜਾਬ।

ਮੀਮੋ ਨੰ: ਰਮਸਅ/ਵੋ.ਸਿ/2016/16027
ਮਿਤੀ: 08 / 11 /2016

**ਵਿਸ਼ਾ: NSQF ਸਕੀਮ ਨੂੰ ਸਕੂਲ ਪੱਧਰ ਤੇ ਚਲਾਉਣ ਵਿੱਚ ਆ ਰਹੀਆਂ ਮੁਸ਼ਕਿਲਾਂ ਸੰਬੰਧੀ ਧਿਆਨ ਦੇਣ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ NSQF ਸਕੀਮ ਨੂੰ ਕਈ ਸਕੂਲਾਂ ਵਿੱਚ ਪ੍ਰਿੰਸੀਪਲ, ਸਟਾਫ ਅਤੇ SMC ਵੱਲੋਂ ਪੂਰਣ ਸਹਿਯੋਗ ਨਹੀਂ ਦਿੱਤਾ ਜਾ ਰਿਹਾ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ NSQF ਸਕੀਮ ਲਈ ਕਈ ਸਕੂਲ ਪ੍ਰਿੰਸੀਪਲ ਵੱਲੋਂ ਲੈਬ ਸੈੱਟ ਅੱਪ ਕਰਨ ਲਈ ਕੋਈ ਕਮਰਾ ਨਹੀਂ ਦਿੱਤਾ ਜਾ ਰਿਹਾ ਜਿਸ ਕਰਕੇ ਵਿਦਿਆਰਥੀਆਂ ਲਈ ਅਜੇ ਤੱਕ ਲੈਬ ਸੈੱਟ ਅੱਪ ਨਹੀਂ ਹੋ ਸਕੀ। ਇਸ ਲਈ ਤੁਰੰਤ NSQF ਲੈਬ ਸੈੱਟ ਕਰਨ ਲਈ ਸਕੂਲ ਦੇ ਮੌਜੂਦਾ ਕਮਰਿਆਂ ਵਿਚੋਂ ਹੀ ਕਮਰਾ ਦਿੱਤਾ ਜਾਵੇ ਅਤੇ ਲੈਬ ਸੈੱਟ ਅੱਪ ਜਲਦ ਤੋਂ ਜਲਦ ਕਰਵਾਈ ਜਾਵੇ। ਜੇਕਰ ਕਿਸੇ ਸਕੂਲ ਮੁੱਖੀ ਵੱਲੋਂ ਲੈਬ ਸੈਟ ਅਪ ਨਹੀਂ ਕਰਵਾਈ ਜਾਵੇਗੀ ਉਸ ਸੰਬਧੀ ਵਿਭਾਗ ਸਖਤ ਰੁੱਖ ਅਖਤਿਆਰ ਕਰੇਗਾ।

4.0 ਇਸ ਦਫਤਰ ਵੱਲੋਂ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ NSQF ਦਾ ਪੀਰੀਅਡ ਅੱਧੀ ਛੁੱਟੀ ਤੋਂ ਪਹਿਲਾਂ ਰੱਖਿਆ ਜਾਵੇ ਪ੍ਰੰਤੂ ਅਜੇ ਵੀ ਕਈ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਨਰਜ਼ ਨੂੰ 8ਵਾਂ ਜਾਂ 9ਵਾਂ ਪੀਰੀਅਡ ਦਿੱਤਾ ਜਾ ਰਿਹਾ ਹੈ। ਇਸ ਕਰਕੇ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਕੋਸ਼ਿਸ਼ ਕੀਤੀ ਜਾਵੇ ਕਿ NSQF ਦਾ ਪੀਰੀਅਡ ਅੱਧੀ ਛੁੱਟੀ ਤੋਂ ਪਹਿਲਾਂ ਹੀ ਰੱਖਿਆ ਜਾਵੇ। ਇਸਦੇ ਨਾਲ ਹੀ NSQF ਵਿਦਿਆਰਥੀਆਂ ਦਾ ਇੱਕ ਕਲਾਸ਼ ਦਾ ਇਕੱਠਾ ਹੀ ਪੀਰੀਅਡ ਅਲਾਟ ਕੀਤਾ ਜਾਵੇ ਨਾ ਕਿ ਸੈਕਸ਼ਨ ਵਾਈਜ਼ ਵੰਡਿਆ ਜਾਵੇ।

5.0 ਇਹ ਵੀ ਧਿਆਨ ਵਿੱਚ ਆਇਆ ਹੈ ਕਿ ਵੋਕੇਸ਼ਨਲ ਟ੍ਰੇਨਰਜ਼ ਨੂੰ ਆਪਣੀ ਕਲਾਸ ਤੋਂ ਇਲਾਵਾ ਹੋਰ ਕਲਾਸਾਂ ਦਾ ਚਾਰਜ ਵੀ ਦਿੱਤਾ ਜਾ ਰਿਹਾ ਹੈ ਇਸ ਸੰਬੰਧ ਵਿੱਚ ਪਹਿਲਾਂ ਵੀ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਇਹ ਵੋਕੇਸ਼ਨਲ ਟਰੇਨਰਜ਼, Vocational Training partners ਰਾਹੀਂ outsource basis ਤੇ ਰੱਖੇ ਗਏ ਹਨ ਅਤੇ ਇਨ੍ਹਾਂ ਨੂੰ ਵੀ RTE ਮੁਤਾਬਿਕ ਕਿਸੇ ਹੋਰ ਕਲਾਸ ਦਾ ਇੰਚਾਰਜ ਨਾ ਬਣਾਇਆ ਜਾਵੇ।

6.0 ਜੇਕਰ ਕਿਸੇ ਕਾਰਨਵਸ਼ ਇਨ੍ਹਾਂ ਵੋਕੇਸ਼ਨਲ ਟ੍ਰੇਨਰਜ਼ ਦੀ ਐਡਜਸਟਮੈਂਟ ਲਗਾਈ ਜਾਂਦੀ ਹੈ ਤਾਂ ਉਹ ਸਿਰਫ 9ਵੀਂ ਤੋਂ 12ਵੀਂ ਕਲਾਸ ਦੀ ਲਗਾਈ ਜਾਵੇ ਕਿਉਂਕਿ ਇਹ VTs 9ਵੀਂ ਤੋਂ 12ਵੀਂ ਤੱਕ NSQF Trades ਪੜਾਉਣ ਲਈ ਲਗਾਏ ਗਏ ਹਨ ਐਡਜਸਟਮੈਂਟ ਦੌਰਾਨ ਵੋਕੇਸ਼ਨਲ ਟ੍ਰੇਨਰਜ਼ ਆਪਣੀ ਟਰੇਡ ਦਾ ਵਿਸ਼ਾ ਹੀ ਪੜ੍ਹਾਉਣਗੇ।

7.0 Guest Lecture/Industrial visit ਲਈ ਸਿਰਫ ਵੋਕੇਸ਼ਨਲ ਟ੍ਰੇਨਰਜ਼ ਹੀ ਜਿੰਮੇਦਾਰ ਨਹੀਂ ਹੈ ਇਸ ਦੀ ਪੂਰਨ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ ਕਿ GuestLecture/Industrial visit ਸਹੀ ਤਰਾਂ ਨਾਲ ਲੱਗ ਰਹੀ ਹੈ ਜਾਂ ਨਹੀ।

8.0 ਅੰਤ ਵਿੱਚ ਦੁਬਾਰਾ ਫਿਰ ਸੱਪਸ਼ਟ ਕੀਤਾ ਜਾਦਾਂ ਹੈ ਕਿ NSQF ਅਧੀਨ ਚਲਾਈਆਂ ਜਾ ਰਹੀਆਂ ਟਰੇਡਾਂ ਨੂੰ ਸਫਲਤਾ ਪੂਰਵਕ ਸਕੂਲਾਂ ਵਿੱਚ ਚਲਾਉਣ ਲਈ ਸਕੂਲ ਮੁੱਖੀ ਦੀ ਹੀ ਪੂਰੀ ਜਿੰਮੇਵਾਰੀ ਬਣਦੀ ਹੈ। ਸਕੂਲ ਮੁੱਖੀ ਵੱਲੋਂ ਖਾਸ ਧਿਆਨ ਦੇ ਕੇ NSQF ਨੂੰ ਸਹੀ ਅਰਥਾਂ ਵਿੱਚ ਲਾਗੂ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ
ਪੰਜਾਬ